2022 8/298
30/6/2022

# ਪੰਜਾਬ ਸਕੂਲ ਸਿੱਖਿਆ ਬੋਰਡ
## ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
### (ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ/ਕਸ/2022/472

ਵੱਲ

ਮਿਤੀ: 29.6.2022

ਸਮੂਹ ਸਕੂਲ ਮੁੱਖੀ/ ਕੇਂਦਰ ਕੰਟਰੋਲਰ,
ਪੰਜਾਬ ਰਾਜ।

ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਵਿੱਚ ਪ੍ਰਬੰਧਕੀ ਕਾਰਨਾਂ ਜਾਂ ਕਿਸੇ ਹੋਰ ਕਾਰਨ ਪਰੀਖਿਆ ਦੇਣ ਤੋਂ ਰਹਿੰਦੇ ਪਰੀਖਿਆਰਥੀਆਂ ਦੀ ਮੁੜ ਪਰੀਖਿਆ ਦੇ ਸੰਚਾਲਨ ਸਬੰਧੀ।

---

ਵਿਸ਼ੇ ਅਧੀਨ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਮਿਤੀ 14-07-2022 ਤੋਂ 16-07-2022 ਤੱਕ ਕਰਵਾਈਆਂ ਜਾ ਰਹੀਆਂ ਹਨ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਹੀ ਪ੍ਰਸ਼ਨ ਪੱਤਰ ਤਿਆਰ ਕਰਕੇ ਸਬੰਧਤ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਕਰਵਾਉਣਗੇ। ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

1) ਜਿਸ ਸਕੂਲ ਵਿੱਚ ਪ੍ਰਯੋਗੀ ਪਰੀਖਿਆ ਹੋ ਰਹੀ ਹੈ। ਉਸ ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਨੂੰ ਪੜ੍ਹਾਉਣ ਵਾਲੇ ਅਧਿਆਪਕ ਹੀ ਪ੍ਰਸ਼ਨ ਪੱਤਰ ਤਿਆਰ ਸਬੰਧਤ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਕਰਵਾਉਣਗੇ। ਦਫਤਰ ਵੱਲੋਂ ਕਿਸੇ ਵੀ ਵਿਸ਼ੇ ਦੇ ਪ੍ਰਸ਼ਨ ਪੱਤਰ ਨਹੀਂ ਭੇਜੇ ਜਾਣਗੇ।
2) ਪਰੀਖਿਅਕ ਵੱਲੋਂ ਪਰੀਖਿਆ ਖਤਮ ਹੋਣ ਤੇ ਉਸੇ ਦਿਨ ਅੰਕ ਸੂਚੀਆਂ ਆਨ ਲਾਈਨ ਪੋਰਟਲ ਤੇ ਅਪਲੋਡ ਕੀਤੀਆਂ ਜਾਣ।
3) ਦਫਤਰ ਵੱਲੋਂ ਕਿਸੇ ਵੀ ਪਰੀਖਿਅਕ ਨੂੰ ਕੋਈ ਅਦਾਇਗੀ/ ਮਿਹਨਤਾਨਾ ਨਹੀਂ ਦਿੱਤਾ ਜਾਵੇਗਾ।
4) ਦਰਜਾ ਵਧਾਉਣ, ਵਾਧੂ ਵਿਸ਼ਾ, ਰੀ-ਅਪੀਅਰ ਵਾਲੇ ਪਰੀਖਿਆਥੀਆਂ ਦੀ ਪ੍ਰਯੋਗੀ ਪਰੀਖਿਆ ਲਿਖਤੀ ਪਰੀਖਿਆ ਵਾਲੇ ਕੇਂਦਰ ਵਿੱਚ ਹੀ ਕਰਵਾਈ ਜਾਣੀ ਹੈ।
5) ਜਿਨ੍ਹਾਂ ਪਰੀਖਿਆਰਥੀਆਂ ਨੇ ਪ੍ਰਯੋਗੀ ਪਰੀਖਿਆ ਦੇਣੀ ਹੈ, ਕੇਂਦਰ ਕੰਟਰੋਲਰ / ਸੁਪਰਡੰਟ ਪ੍ਰਯੋਗੀ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਦੀ ਪ੍ਰਯੋਗੀ ਪਰੀਖਿਆ ਦੀ ਮਿਤੀ ਅਤੇ ਸਮਾਂ ਨੋਟ ਕਰਵਾਉਣਗੇ ਅਤੇ ਯਕੀਨੀ ਬਣਾਉਗੇ ਕਿ ਕੋਈ ਵੀ ਪਰੀਖਿਆਰਥੀਆਂ ਪਰੀਖਿਆ ਤੋਂ ਵਾਂਝਾ ਨਾ ਰਹਿ ਜਾਵੇ।

ਜ਼ਰੂਰਤ ਪੈਣ ਤੇ ਹੇਠ ਲਿਖੇ ਨੰਬਰਾਂ ਨਾਲ ਸੰਪਰਕ ਕੀਤਾ ਜਾਵੇ:-

| | |
|---|---|
| 1) ਸਹਾਇਕ ਸਕੱਤਰ (ਕਾਰਜ ਸੰਚਾਲਨ) | ਦਫਤਰ 0172-5227334 |
| 2) ਸੁਪਰਡੰਟ (ਕਾਰਜ ਸੰਚਾਲਨ) | ਦਫਤਰ 0172-5227338,303 |
| 3) ਈ-ਮੇਲ ਆਈ. ਡੀ. | srsecconduct.pseb@punjab.gov.in<br>controller.pseb@punjab.gov.in |
| 4) ਕੰਟਰੋਲਰ (ਪਰੀਖਿਆਵਾਂ) ਕੰਟਰੋਲ ਰੂਮ | ਦਫਤਰ 0172-5227136,137,138 |

(ਸਹੀ)/-
ਸਹਾਇਕ ਸਕੱਤਰ (ਕਾਰਜ ਸੰਚਾਲਨ)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ: ਪਸਸਬ-ਸਸ-ਕ.ਸ/2022/473-474 ਮਿਤੀ 29.6.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰ)
2) ਸਮੂਹ ਜਿਲ੍ਹਾ ਮੈਨੇਜਰ ਖੇਤਰੀ ਦਫਤਰ

ਸਹਾਇਕ ਸਕੱਤਰ (ਕਾਰਜ ਸੰਚਾਲਨ)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਫ/ਕੋਟ

ਪਿੱਠ ਅੰਕਣ ਨੰ. ਅ-7/1 ( ) 2022/271 ਮਿਤੀ.. 7/7/22

ਉਪਰੋਕਤ ਦਾ ਉਤਾਰਾ ਜ਼ਿਲ੍ਹਾ ਫ/ਕੋਟ ਦੇ ਸਮੂਹ ਸਕੂਲ ਮੁਖੀਆਂ ਅਤੇ ਸੈਂਟਰ ਇੰਚਾਰਜਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿ. ਸਿ. ਅ (ਸੈ. ਸਿ)
ਫ/ਕੋਟ